# Talk to your baby in your own language

**The best way to help your child learn to talk is to talk to him as much as possible in your own language - it doesn't have to be English. That way, your child will learn to talk confidently, and will be ready to learn English when he starts at nursery or school.**

- Talk to your baby in your own language about what you're doing together – when you're bathing or feeding your baby, or changing her nappy.
- Have fun with rhymes, poems and songs in your own language.
- Tell your child stories in your language. Encourage him to join in with the storytelling.
- Try to find books written in your language for your child, or try making your own.
- Encourage your child to play with children who speak the same language as she does.
- Talk to your child about what he did at playgroup or nursery in your language. If he uses English words repeat what he has said using your language. But do not correct him or make him use your language.
- Help your child feel proud of your language. If she speaks more than one language, teach her the names of the languages.
- Don't laugh or tease your child because of his accent or if he makes mistakes.

# ਆਪਣੇ ਬੇਬੀ ਨਾਲ ਆਪਣੀ ਭਾਸ਼ਾ ਵਿਚ ਗੱਲ ਕਰੋ

**ਬੋਲਣਾ ਸਿੱਖਣ ਵਿਚ ਆਪਣੇ ਬੱਚੇ ਦੀ ਮਦਦ ਕਰਨ ਦਾ ਸਭ ਤੋਂ ਵਧੀਆ ਢੰਗ ਇਹ ਹੈ ਕਿ ਜਿੱਥੇ ਤਕ ਸੰਭਵ ਹੋਵੇ, ਉਸ ਨਾਲ ਆਪਣੀ ਭਾਸ਼ਾ ਵਿਚ ਹੀ ਗੱਲ ਕਰੋ - ਜ਼ਰੂਰੀ ਨਹੀਂ ਹੈ ਕਿ ਇਹ ਭਾਸ਼ਾ ਇੰਗਲਿਸ਼ ਹੀ ਹੋਵੇ। ਇਸ ਤਰ੍ਹਾਂ, ਤੁਹਾਡਾ ਬੱਚਾ ਆਤਮ-ਵਿਸ਼ਵਾਸ ਨਾਲ ਬੋਲਣਾ ਸਿੱਖੇਗਾ ਅਤੇ ਨਰਸਰੀ ਜਾਂ ਸਕੂਲ ਵਿਚ ਦਾਖ਼ਲਾ ਲੈਣ ’ਤੇ ਇੰਗਲਿਸ਼ ਸਿੱਖਣ ਲਈ ਤਿਆਰ ਹੋ ਜਾਵੇਗਾ।**

- ਤੁਸੀਂ ਇਕੱਠੇ ਮਿਲ ਕੇ ਜੋ ਵੀ ਕਰਦੇ ਹੋ, ਉਸ ਬਾਰੇ ਆਪਣੇ ਬੇਬੀ ਨਾਲ ਆਪਣੀ ਭਾਸ਼ਾ ਵਿਚ ਗੱਲਾਂ ਕਰੋ - ਜਦੋਂ ਤੁਸੀਂ ਆਪਣੇ ਬੇਬੀ ਨੂੰ ਨਹਾ ਰਹੇ ਹੁੰਦੇ ਹੋ ਜਾਂ ਕੁਝ ਖੁਆ ਜਾਂ ਪਿਆ ਰਹੇ ਹੁੰਦੇ ਹੋ ਜਾਂ ਉਸਦੀ ਨੈਪੀ ਬਦਲ ਰਹੇ ਹੁੰਦੇ ਹੋ।
- ਆਪਣੀ ਭਾਸ਼ਾ ਵਿਚ ਕਵਿਤਾਵਾਂ ਅਤੇ ਗੀਤਾਂ ਦਾ ਮਜ਼ਾ ਲਵੋ।
- ਆਪਣੇ ਬੱਚੇ ਨੂੰ ਆਪਣੀ ਭਾਸ਼ਾ ਵਿਚ ਹੀ ਕਹਾਣੀਆਂ ਸੁਣਾਓ। ਉਸਨੂੰ ਕਹਾਣੀ ਸੁਣਾਉਣ ਵਿਚ ਸ਼ਾਮਲ ਹੋਣ ਲਈ ਹੱਲਾਸ਼ੇਰੀ ਦਿਓ।
- ਆਪਣੇ ਬੱਚੇ ਲਈ ਆਪਣੀ ਭਾਸ਼ਾ ਵਿਚ ਲਿਖੀਆਂ ਕਿਤਾਬਾਂ ਲੱਭਣ ਦੀ ਕੋਸ਼ਿਸ਼ ਕਰੋ, ਜਾਂ ਆਪਣੀਆਂ ਖ਼ੁਦ ਦੀਆਂ ਕਿਤਾਬਾਂ ਬਣਾਉਣ ਦੀ ਕੋਸ਼ਿਸ਼ ਕਰੋ।
- ਆਪਣੇ ਬੱਚੇ ਨੂੰ ਉਹਨਾਂ ਦੂਜੇ ਬੱਚਿਆਂ ਨਾਲ ਖੇਡਣ ਲਈ ਪ੍ਰੇਰਿਤ ਕਰੋ ਜੋ ਤੁਹਾਡੇ ਬੱਚੇ ਦੀ ਭਾਸ਼ਾ ਬੋਲਦੇ ਹਨ।
- ਆਪਣੇ ਬੱਚੇ ਨਾਲ ਆਪਣੀ ਭਾਸ਼ਾ ਵਿਚ ਇਸ ਬਾਰੇ ਗੱਲਾਂ ਕਰੋ ਕਿ ਉਸਨੇ ਪਲੇਗਰੁੱਪ ਵਿਚ ਜਾਂ ਨਰਸਰੀ ਵਿਚ ਕੀ ਕੀਤਾ। ਜੇ ਉਹ ਇੰਗਲਿਸ਼ ਦੇ ਸ਼ਬਦ ਬੋਲਦਾ ਹੈ ਤਾਂ ਉਸਦੀਆਂ ਗੱਲਾਂ ਨੂੰ ਆਪਣੀ ਭਾਸ਼ਾ ਵਿਚ ਦੁਹਰਾਓ। ਪਰ ਉਸਨੂੰ ਟੋਕੋ ਨਹੀਂ ਜਾਂ ਉਸਨੂੰ ਆਪਣੀ ਭਾਸ਼ਾ ਦੀ ਵਰਤੋਂ ਕਰਨ ਲਈ ਮਜਬੂਰ ਨਾ ਕਰੋ।
- ਆਪਣੇ ਬੱਚੇ ਦੀ ਮਦਦ ਕਰੋ ਕਿ ਉਹ ਆਪਣੀ ਭਾਸ਼ਾ ’ਤੇ ਮਾਣ ਮਹਿਸੂਸ ਕਰੇ। ਜੇ ਉਹ ਇਕ ਤੋਂ ਵੱਧ ਭਾਸ਼ਾਵਾਂ ਬੋਲਦਾ ਹੈ, ਤਾਂ ਉਸਨੂੰ ਭਾਸ਼ਾਵਾਂ ਦੇ ਨਾਮ ਸਿਖਾਓ।
- ਬੱਚੇ ਦੇ ਉਚਾਰਣ-ਢੰਗ ਦੇ ਕਾਰਨ ਜਾਂ ਜੇ ਉਹ ਬੋਲਣ ਵਿਚ ਗਲਤੀਆਂ ਕਰਦਾ ਹੈ ਤਾਂ ਉਸ ’ਤੇ ਹੱਸੋ ਨਾ ਅਤੇ ਨਾ ਹੀ ਉਸਨੂੰ ਇਸ ਬਾਰੇ ਚਿੜਾਓ।



© Posy Simmonds

National Literacy Trust

Talk To Your Baby



Reference: *Bilingual Children: a guide for parents and carers* (1994), Foufou Savitzky, South Bank University: London